ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4ਸ਼ਾਖਾ)

## ਹੁਕਮ

ਸਿੱਖਿਆ ਵਿਭਾਗ(ਸਕੂਲਜ਼) ਵਿੱਚ ਕੰਮ ਕਰ ਰਹੇ ਲੈਕਚਰਾਰਾਂ/ਵੋਕੇਸ਼ਨਲ, ਲੈਕਚਰਾਰ/ਮਾਸਟਰਾਂ ਅਤੇ ਹੈੱਡਮਾਸਟਰਾਂ ਨੂੰ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ) ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਪਦ-ਉੱਨਤੀਆਂ ਕਰਨ ਲਈ ਮਿਤੀ 16.04.2019 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ। ਵਿਭਾਗੀ ਤਰੱਕੀ ਕਮੇਟੀ ਵੱਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਮਿਤੀ 30.9.19 ਨੂੰ ਕੀਤੇ ਬਤੌਰ ਪ੍ਰਿੰਸੀਪਲ ਤਰੱਕੀ ਦੇ ਹੁਕਮਾਂ ਸਨਮੁੱਖ ਸੀਨੀਆਰਤਾ ਨੰ:2706 ਸ੍ਰੀਮਤੀ ਰਸ਼ਮੀ ਪੁਰੀ ਨੂੰ ਮਿਤੀ 30.9.2019 ਨੂੰ ਬਤੌਰ ਪ੍ਰਿੰਸੀਪਲ ਤਰੱਕੀ ਉਪਰੰਤ ਸਸਸਸ ਗੰਢੂਆਂ(ਸੰਗਰੂਰ) ਅਤੇ ਸੀਨੀਆਰਤਾ ਨੰ:2756 ਸ੍ਰੀਮਤੀ ਰੂਮਾ ਰਾਣੀ ਨੂੰ ਬਤੌਰ ਪ੍ਰਿੰਸੀਪਲ ਤਰੱਕੀ ਉਪਰੰਤ ਸਸਸਸ, ਮੂਲੋਵਾਲ(ਸੰਗਰੂਰ) ਸਟੇਸ਼ਨ ਅਲਾਟ ਕੀਤਾ ਗਿਆ ਸੀ ਪ੍ਰੰਤੂ ਉਕਤ ਸਟੇਸ਼ਨ ਖਾਲੀ ਨਾ ਹੋਣ ਕਾਰਨ ਅਧਿਕਾਰੀਆਂ ਨੂੰ ਸਟੇਸ਼ਨ ਚੋਣ ਮੁੜ ਕਰਵਾਈ ਗਈ ਪ੍ਰੰਤੂ ਜਿਲ੍ਹਾ ਹੁਸ਼ਿਆਰਪੁਰ, ਲੁਧਿਆਣਾ, ਫਾਜਿਲਕਾ ਅਤੇ ਕਪੂਰਥਲਾ ਵਿੱਚ ਜ਼ਿਮਨੀ ਚੋਣਾਂ ਦੇ ਸਨਮੁੱਚ ਚੋਣ ਜਾਬਤਾ ਲਾਗੂ ਹੋਣ ਕਾਰਨ ਹੁਕਮ ਜਾਰੀ ਨਹੀਂ ਕੀਤੇ ਗਏ। ਇਸ ਦੇ ਨਾਲ ਹੀ ਮੁੱਖ ਚੋਣ ਅਫਸਰ,ਪੰਜਾਬ ਵੱਲੋਂ ਆਪਣੇ ਪੱਤਰ ਨੰ:ਚੋਣ-2019 ਆਰ(ਕਲੈਰੀਫਿਕੇਸ਼ਨ)-9863 ਮਿਤੀ 19ਅਕਤੂਬਰ,2019 ਅਨੁਸਾਰ ਲੜੀ ਨੰ:7 (ਸੀਨੀਆਰਤਾ ਨੰ:2727) ਸਬੰਧੀ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ ਸੀ।ਹੁਣ ਚੋਣ ਜਾਬਤਾ ਖਤਮ ਹੋਣ ਉਪਰੰਤ ਹੇਠ ਲਿਖੇ ਲੈਕਚਰਾਰਾਂ/ਵੋਕੇਸ਼ਨਲ, ਲੈਕਚਰਾਰ/ਮਾਸਟਰਾਂ ਅਤੇ ਹੈੱਡਮਾਸਟਰਾਂ ਨੂੰ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ)ਗਰੁੱਪ-ਏ ਰੂਲਜ਼,2018 ਅਨੁਸਾਰ ਪੇਅ ਸਕੇਲ 15600-39100+6600 ਗ੍ਰੇਡ ਪੇਅ ਵਿੱਚ ਪ੍ਰੋਵੀਜ਼ਨਲ ਤੌਰ ਤੇ ਪੀ.ਈ.ਐਸ.(ਸਕੂਲ ਤੇ ਇੰਸਪੈਕਸ਼ਨ)ਗਰੁੱਪ-ਏ ਵਿੱਚ ਬਤੌਰ ਪ੍ਰਿੰਸੀਪਲ ਪਦ-ਉੱਨਤ ਕੀਤਾ ਜਾਂਦਾ ਹੈ:-

**ਲੈਕਚਰਾਰ (ਜਨਰਲ ਵਰਗ):-**

| ਲੜੀ ਨੰ: | ਸੀਨੀਆਰਤਾ ਨੰ; | ਕਰਮਚਾਰੀ ਦਾ ਨਾਮ /ਪੋਸਟਿੰਗ | ਕੈਟਾਗਿਰੀ | ਅਲਾਟਕੀਤਾਗਿਆਸਟੇਸ਼ਨ |
|---|---|---|---|---|
| 1 | 2706 | ਰਸ਼ਮੀ ਪੁਰੀ | ਜਨਰਲ | ਸਸਸਸ, ਪਨਾਮ, ਹੁਸਿਆਰਪੁਰ |
| 2 | 2727 | ਨਿਰਮਲ ਰਾਣੀ | ਜਨਰਲ | ਸਸਸਸ, ਬਾਹਮਣੀਵਾਲਾ,ਫਾਜਿਲਕਾ |
| 3 | 2756 | ਰੂਮਾ ਰਾਣੀ | ਜਨਰਲ | ਸਸਸਸ, ਚੌਂਤਾ, ਲੁਧਿਆਣਾ |

2. ਉਪਰੋਕਤ ਸਕੂਲ ਲੈਕਚਰਾਰਾਂ/ਵੋਕੇਸ਼ਨਲ, ਲੈਕਚਰਾਰ/ਮਾਸਟਰਾਂ ਅਤੇ ਹੈੱਡਮਾਸਟਰਾਂ ਦੀਆਂ ਪਦ-ਉੱਨਤੀਆਂ ਪੰਜਾਬ ਐਜੂਕੇਸ਼ਨਲ ਸਰਵਸਿਜ਼ (ਗਰੁੱਪ-ਏ) ਵਿੱਚ ਖਾਲੀ ਆਸਾਮੀਆਂ ਵਿਰੁੱਧ ਹੇਠ ਲਿਖੀਆਂ ਸ਼ਰਤਾਂ ਦੇ ਆਧਾਰ ਤੇ ਕੀਤੀਆਂ ਜਾਂਦੀਆਂ ਹਨ:-

ੳ) ਇਹ ਤਰੱਕੀਆਂ ਹੋਰਨਾਂ ਕੇਸਾਂ ਅਤੇ ਸੀਨੀਆਰਤਾ ਆਦਿ ਨਾਲ ਸਬੰਧਤ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ/ਮਾਨਯੋਗ ਸੁਪਰੀਮ ਕੋਰਟ ਵਿੱਚ ਚੱਲ ਰਹੇ ਕੇਸਾਂ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਣਗੀਆਂ ਜੇਕਰ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਆਦੇਸ਼/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਤਰੱਕੀਆਂ ਦੇ ਵਿਰੁੱਧ ਹੋਏ ਤਾਂ ਉਸ ਅਨੁਸਾਰ ਕਾਰਵਾਈ ਕੀਤੀ ਜਾਵੇਗੀ।ਇਸ ਤੋ ਇਲਾਵਾ CMs 14037-14038-CWP-2019 in CWP No.31168 of 2018 and CMs-14077-14079-CWP-2019 in CWP No. 30049 of 2018 ਵਿੱਚ ਮਾਨਯੋਗ ਹਾਈਕੋਰਟ ਵੱਲੋਂ, ਹੇਠ ਲਿਖੇ ਅਨੁਸਾਰ, ਦਿੱਤਾ ਗਿਆ ਫੈਸਲਾ ਮੰਨਣਯੋਗ ਹੋਵੇਗਾ।

"Notice in the applications to learned counsel for the non-applicants for 1.10.2019.
The promotions,if any,made shall abide by the final outcome of this writ petitions.
A photocopy of this order be placed on the file of connected case."

ਜੇਕਰ ਇਨ੍ਹਾਂ ਰਿੱਟ ਪਟੀਸ਼ਨਾਂ ਵਿੱਚ ਮਾਨਯੋਗ ਅਦਾਲਤ ਵੱਲੋਂ ਕੋਈ ਅਜਿਹਾ ਫੈਸਲਾ/ਹੁਕਮ ਪ੍ਰਾਪਤ ਹੁੰਦਾ ਹੈ ਜੋ ਇਨ੍ਹਾਂ ਤਰੱਕੀਆਂ ਦੇ ਵਿਰੁੱਧ ਹੋਵੇ ਤਾਂ ਸੀਨੀਆਰਤਾ ਮੁਤਾਬਿਕ ਇਹ ਪਦ-ਉੱਨਤੀਆਂ ਮੁੜ ਵਿਚਾਰਨ ਯੋਗ ਹੋਣਗੀਆਂ।

ਅ) ਇਹ ਤਰੱਕੀਆਂ ਬਿਲਕੁਲ ਆਰਜ਼ੀ ਹੋਣਗੀਆਂ। ਪੀ.ਈ.ਐਸ ਗਰੁੱਪ-ਏ ਦੀ ਸੀਨੀਆਰਤਾ ਬਾਅਦ ਵਿੱਚ ਨਿਰਧਾਰਿਤ ਕੀਤੀ ਜਾਵੇਗੀ।

ੲ) ਇਨ੍ਹਾਂ ਅਧਿਕਾਰੀਆਂ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਪ੍ਰਵਾਨਗੀ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿੱਚ ਵਾਪਰੇ ਤੱਕ ਹੋਵੇਗਾ।

ਸ) ਸਰਕਾਰ ਵੱਲੋਂ ਪਦ-ਉੱਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦ-ਉੱਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ।

ਹ) ਇਹ ਹੁਕਮ ਪਦ-ਉੱਨਤ ਹੋਏ ਅਧਿਕਾਰੀਆਂ ਦੇ ਤੈਨਾਤੀ ਵਾਲੇ ਸਟੇਸ਼ਨ ਤੇ ਹਾਜ਼ਰ ਹੋਣ ਦੀ ਮਿਤੀ ਤੋਂ ਪ੍ਰਭਾਵੀ ਹੋਣਗੇ।

3. ਸਬੰਧਤ ਅਧਿਕਾਰੀ ਆਪਣੀ ਹਾਜ਼ਰੀ ਸੱਤ ਦਿਨਾਂ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)ਪਾਸ ਦੇਣੀ ਯਕੀਨੀ ਬਣਾਉਣਗੇ, ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਅਨੁਸਾਰ ਤਰੱਕੀ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਕ੍ਰਿਸ਼ਨ ਕੁਮਾਰ,ਆਈ.ਏ.ਐਸ,
ਸਕੱਤਰ,ਪੰਜਾਬ ਸਰਕਾਰ,
ਸਿੱਖਿਆ ਵਿਭਾਗ(ਸਕੂਲਜ਼)

ਮਿਤੀ,ਚੰਡੀਗੜ੍ਹ:
25.10 .2019

ਪਿੱਠ ਅੰਕਣ ਨੰ:1/103/2018-2ਸਿ4/1599-1607
ਮਿਤੀ,ਚੰਡੀਗੜ੍ਹ: 29.10.2019

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮਹਾਂਲੇਖਾਕਾਰ (ਏ ਐਂਡ ਈ),ਆਡਿਟ ਵਿੰਗ, ਪੰਜਾਬ,ਚੰਡੀਗੜ੍ਹ।
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸ਼ਨ,ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਹਾਜ਼ਰ ਹੋਏ ਅਧਿਕਾਰੀਆਂ ਅਤੇ ਨਾ ਹਾਜ਼ਰ ਹੋਏ ਅਧਿਕਾਰੀਆਂ ਦੀ ਕੰਪਾਈਲਡ ਰਿਪੋਰਟ ਤਿਆਰ ਕਰਕੇ ਸਰਕਾਰ ਨੂੰ ਬਿਨ੍ਹਾਂ ਕਿਸੇ ਦੇਰੀ ਤੋਂ ਭੇਜਣੀ ਯਕੀਨੀ ਬਣਾਈ ਜਾਵੇ।
4. ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ),ਪੰਜਾਬ।
5. ਡਾਇਰੈਕਟਰ ਸਿੱਖਿਆ ਵਿਭਾਗ(ਐ:ਸਿ),ਪੰਜਾਬ।
6. ਡਾਇਰੈਕਟਰ ਐਸ.ਸੀ.ਈ.ਆਰ.ਟੀ,ਪੰਜਾਬ।
7. ਡਾਇਰੈਕਟਰ ਸਿੱਖਿਆ ਵਿਭਾਗ,ਚੰਡੀਗੜ੍ਹ ਪ੍ਰਸਾਸ਼ਨ, ਚੰਡੀਗੜ੍ਹ।
8. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ/ਐ:ਸਿ),ਪੰਜਾਬ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਅਧਿਕਾਰੀਆਂ ਬਤੌਰ ਵਿਰੁੱਧ ਬਤੌਰ ਲੈਕਚਰਾਰ/ਹੈਡ ਮਾਸਟਰ/ਵੋਕੇਸਨਲ ਲੈਕਚਰਾਰ ਮਿਤੀ 16.04.2019 ਤੋਂ ਬਾਅਦ ਜੇਕਰ ਕੋਈ ਵਿਭਾਗੀ ਕਾਰਵਾਈ ਚੱਲ ਰਹੀ ਹੈ ਤਾਂ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇ।
9. ਸਬੰਧਤ ਅਧਿਕਾਰੀ।

ਸੁਪਰਡੰਟ